# ਪਿਆਰਾ ਸਿੰਘ ਭੋਗਲ

ਪੰਜਾਬੀ ਸਾਹਿਤ ਲੱਗਭੱਗ ਇੱਕ ਹਜਾਰ ਸਾਲ ਉਤੇ ਫੈਲਿਆ ਹੋਇਆ। ਉਸ ਪੰਜਾਬੀ ਸਾਹਿਤ ਦੇ ਮੋਢੀ ਭਾਈ ਸ਼ੇਖ ਫਰੀਦ ਸਨ, ਜੋ 1173 ਤੋਂ 1266 ਵਿੱਚ ਹੋਏ ਆ। ਪੰਜਾਬੀ ਲੋਕ ਉਦਮੀ ਹੈਨ, ਹਿੰਮਤੀ ਹੈਨ, ਦੇਸ਼ ਓਤੇ ਵਿਦੇਸ਼ ਵਿੱਚ ਜਾਣ ਲਈ ਤਿਆਰ ਰਹਿੰਦੇ ਆ। ਔਰ ਆਪਣੀ ਹਾਲਤ ਨੂੰ ਬਦਲਣ ਲਈ ਉਦਮ ਕਰਨਾ ਆਪਣਾ ਹੱਲ ਸਮਝਦੇ ਆ। ਇਹ ਜੋ ਸੁਬਾਉ ਹੈ ਪੰਜਾਬੀ ਲੋਕਾਂ ਦਾ, ਇਹ ਪੰਜਾਬੀ ਸਾਹਿਤ ਵਿੱਚ, ਪੁਰਾਣੇ ਪੰਜਾਬੀ ਸਾਹਿਤ ਵਿੱਚ ਵੀ ਔਰ ਆਧੁਨਿਕ ਪੰਜਾਬੀ ਸਾਹਿਤ ਵਿੱਚ ਵੀ ਝਲਕਾਰੇ ਮਾਰਦਾ ਹੈ। ਤੇ ਸਾਰੇ ਪੰਜਾਬੀ ਸਾਹਿਤ ਵਿੱਚ ਚਿੰਤਨ ਤੇ ਚਿੰਤਾ, ਇਹ ਪਸਰੇ ਹੋਏ ਨਜਰ ਆਉਂਦੇ ਆ। ਵੀਹਵੀਂ ਸਦੀ ਵਿੱਚ ਇਕ ਨਵਾਂ ਯੁੱਗ ਸ਼ੁਰੂ ਹੋਇਆ ਸੀ, ਹੈਗਾ ਤਾਂ ਬਸਤੀਵਾਦੀ ਦੌਰ ਸੀ, ਅਸੀਂ ਗੁਲਾਮ ਸਾਂ, ਅੰਗਰੇਜਾਂ ਦਾ ਰਾਜ ਸੀ ਤਾਂ ਵੀ ਇੱਕ ਚੰਗੀ ਗੱਲ ਹੋ ਗਈ ਸੀ, ਬਸਤੀਵਾਦੀ ਦੌਰ ਵਿੱਚ, ਉਹ ਸੀ ਕਿ ਵਿਗਿਆਨ ਦੀਆਂ ਕਾਢਾਂ ਤੇ ਲੱਭਤਾਂ ਪੰਜਾਬ ਵਿੱਚ ਆ ਗਈਆਂ ਸਨ। ਜਦੋਂ 1848-49 ਵਿੱਚ ਪੰਜਾਬ ਗੁਲਾਮ ਹੋਇਆ, ਤਾਂ ਉਦੋਂ ਕਿ ਪੰਜਾਬ ਵਿੱਚ ਪ੍ਰਿੰਟਿੰਗ ਪਰੈਸ ਪਹੁੰਚ ਗਿਆ ਸੀ, ਬਲਕਿ ਉਸ ਤੋਂ ਪਹਿਲਾਂ ਪਹੁੰਚ ਗਿਆ ਸੀ, 1835 ਵਿੱਚ ਲੁਧਿਆਣੇ ਵਿੱਚ ਪਿਰਸਟੀਟੇਰੀਅਨ ਇਸਾਈ ਮਿਸ਼ਨ ਨੇ ਆਪਣਾ ਪ੍ਰਿੰਟਿੰਗ ਪਰੈਸ ਲਾ ਲਿਆ ਸੀ। ਔਰ 1852 ਵਿੱਚ ਪਾਦਰੀ ਨਿਊਟਨ ਦੀ ਲਿਖੀ ਹੋਈ ਪੰਜਾਬੀ ਵਿੱਚ ਗ੍ਰਾਮਰ ਵੀ ਛਪ ਗਈ ਸੀ ਤੇ 1860-65 ਵਿੱਚ ਤਾਂ ਲਾਹੌਰ ਵਿੱਚ ਪ੍ਰਿੰਟਿੰਗ ਪਰੈਸ ਲੱਗ ਗਿਆ ਸੀ ਤੇ 'ਹੀਰ' ਛਪਣ ਲੱਗ ਪਈ ਸੀ। ਇਸ ਕਰਕੇ ਪ੍ਰਿਟਿੰਗ ਪਰੈਸ ਨੇ ਪੰਜਾਬ ਵਿੱਚ ਗਿਆਨ ਲਿਆਉਣ ਵਿੱਚ ਮੱਦਦ ਕੀਤੀ। ਔਰ ਇੱਕ ਹੋਰ ਨਵੀਂ ਗੱਲ ਹੋ ਗਈ, ਇਸੇ ਗੁਲਾਮ ਪੰਜਾਬ ਵਿੱਚ ਰੇਲਵੇ ਲਾਈਨ ਬੰਬਈ ਤੋਂ ਤੁਰ ਕੇ ਪੰਜਾਬ ਤੱਕ ਪਹੁੰਚ ਗਈ, ਅੱਗੇ ਪਿਸ਼ਾਵਰ ਤੱਕ ਚਲੀ ਗਈ। ਰੇਲਵੇ ਲਾਈਨ ਨੇ ਵੀ ਪੰਜਾਬੀ ਲੋਕਾਂ ਦੇ ਸੁਬਾਉ ਵਿੱਚ ਤਬਦੀਲੀ ਲਿਆਂਦੀ ਔਰ ਇੱਕ ਤਬਦੀਲੀ ਪੰਜਾਬੀਆਂ ਦੇ ਸੁਬਾਉ ਵਿੱਚ ਪਹਿਲਾਂ ਹੀ ਸੀ ਕਿ ਉਦਮ ਕਰਨਾ। ਆਪਣੇ ਹਾਲਾਤ ਨੂੰ ਬਦਲਣਾ। ਉਹ ਰੇਲਵੇ ਲਾਈਨ ਦਾ ਔਰ ਪ੍ਰਿਟਿੰਗ ਪਰੈਸ ਰਾਹੀਂ ਆਏ ਗਿਆਨ ਦਾ, ਉਹਨਾਂ ਨੇ ਫਾਇਦਾ ਉਠਾਉਣਾ ਸ਼ੁਰੂ ਕੀਤਾ।

ਉਹ ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਵਿੱਚ ਪਹਿਲਾਂ ਪਹਿਲਾਂ ਤਾਂ ਪ੍ਰਵਿਰਤੀ ਸੀ ਪਿੱਛੇ ਵੱਲ ਨੂੰ ਦੇਖਣ ਦੀ, ਤੇ ਪੁਰਾਣੇ ਜਮਾਨੇ ਵਿੱਚ ਸਾਡੇ ਬਜੁਰਗ ਬਹੁਤ ਵਧੀਆ ਕੰਮ ਕਰ ਗਏ, ਸਾਡੇ ਵਿੱਚ ਅਜੇ ਕਮਜੋਰੀ ਆ, ਸਾਡੇ ਵਿੱਚ ਉਹ ਗੁਣ ਨਹੀਂ ਹੈ। ਉਦੋਂ ਪਿਦਰਮ ਸੁਲਤਾਨ ਮਹਿਮੂਦ ਮੇਰਾ ਬਾਪ ਸੁਲਤਾਨ ਹੁੰਦਾ, ਮੈਂ ਭਾਵਾਂ ਗੁਲਾਮ ਆਂ, ਪਹਿਲਾਂ ਪਹਿਲਾਂ ਪ੍ਰਵਿਰਤੀ ਇਹ ਸੀ। ਪਰ ਹੌਲੀ ਹੌਲੀ ਵਰਤਮਾਨ ਵੱਲ ਧਿਆਨ ਗਿਆ ਔਰ ਨਵੀਂ ਕਿਸਮ ਦਾ ਸਾਹਿਤ ਲਿਖਿਆ ਜਾਣਾ ਸ਼ੁਰੂ ਹੋਇਆ। ਅਸੀਂ ਜਿਹੜਾ ਵੀਹਵੀਂ ਸਦੀ ਦਾ ਸਾਹਿਤ ਆ, ਉਸਦਾ ਜਿਹੜਾ ਪਹਿਲਾ ਹਿੱਸਾ, ਭਾਈ ਵੀਰ ਸਿੰਘ ਦਾ ਸਮਾਂ ਕਹਿੰਨੇ ਆਂ 1900 ਤੋਂ ਲੈ ਕੇ 1930 ਤੱਕ। ਭਾਈ ਵੀਰ ਸਿੰਘ ਤਾਂ ਜਿਆਦਾ ਪੁਰਾਤਨ ਪੰਥੀ ਆ, ਪਰ ਪ੍ਰੋ. ਪੂਰਨ ਸਿੰਘ, ਜਿਹੜਾ ਇੱਕ ਤਾਂ ਭਾਈ ਵੀਰ ਸਿੰਘ ਦਾ ਚੇਲਾ ਵੀ ਸੀ, ਪਰ ਉਹਨਾਂ ਤੋਂ ਇੱਕ ਵੱਖਰੀ ਕਿਸਮ ਦਾ ਪੰਜਾਬੀ ਦਾ ਮਹਾਨ ਸ਼ਾਇਰ ਬਣਿਆ, ਉਹ ਪਿੱਛੇ ਵੱਲ ਵੀ ਵੇਖਦਾ ਤੇ ਵਰਤਮਾਨ ਪੰਜਾਬ ਵੱਲ ਵੀ ਵੇਖਦਾ ਔਰ ਪੰਜਾਬ ਦੇ ਲੋਕਾਂ ਦਾ ਸੁਬਾਉ ਵਰਨਣ ਕਰਦਾ ਹੋਇਆ, ਉਹਨੇ ਕਈ ਨਜਮਾਂ ਲਿਖੀਆਂ ਜਿਹਨਾਂ ਚ 'ਇੱਕ ਜਵਾਨ ਪੰਜਾਬ ਦੇ' ਉਹਦੀ ਨਜਮ ਹੈ, ਜੀਹਦੇ ਚ ਉਹ ਕਹਿੰਦਾ ਬਈ ਇਹ ਕਿਸੇ ਦੀ ਗੁਲਾਮੀ ਨਹੀਂ ਮੰਨਦੇ।

ਜਿਸ ਸਮੇਂ ਦੀ ਮੈਂ ਗੱਲ ਕਰ ਰਿਹਾਂ, ਉਹਨਾਂ ਵਿੱਚ ਉਦਮ ਤਾਂ ਆ ਰਿਹਾ ਸੀ, ਗਿਆਨ ਵੀ ਆ ਰਿਹਾ ਸੀ, ਨਵੀਆਂ ਪ੍ਰਵਿਰਤੀਆਂ ਵੀ ਆ ਰਹੀਆਂ ਸੀ। ਪਰ ਇੱਕ ਘਾਟ ਸੀ ਸਾਡੇ ਵਿੱਚ, ਜਿਹੜੀ ਅਜੇ ਤੱਕ ਵੀ ਹੈ। ਅਸੀਂ ਮਜਹਬਾਂ ਦੇ ਆਧਾਰ ਦੇ ਉਤੇ ਪੰਜਾਬੀ ਲੋਕ ਵੰਡੇ ਹੋਏ ਸੀ ਤੇ ਵੰਡੇ ਹੋਏ ਹਾਂ। ਔਰ ਸਾਡੇ ਲੇਖਕ ਚਾਹੇ ਉਹ ਸਿੱਖ ਸਨ, ਚਾਹੇ ਹਿੰਦੂ ਸਨ, ਚਾਹੇ ਮੁਸਲਮਾਨ, ਉਹ ਇਹ ਵੰਡੀਆਂ ਨਹੀਂ ਸੀ ਚਾਹੁੰਦੇ, ਉਹ ਚਾਹੁੰਦੇ ਸੀ ਕਿ ਅਸੀਂ ਪੰਜਾਬੀ ਬਣੀਏ। ਹੁਣ ਵੀ ਅਸੀਂ ਚਾਹੁੰਨੇ ਆਂ ਕਿ ਅਸੀਂ ਪੰਜਾਬੀ ਬਣੀਏ। ਪੰਜਾਬੀਅਤ ਸਾਡੇ ਵਿੱਚ ਪੈਦਾ ਹੋਵੇ, ਪਰ 1930 ਤੋਂ ਬਾਅਦ ਸਾਡੇ ਪੰਜਾਬ ਵਿੱਚ ਪਹਿਲਾਂ ਨਾਲੋਂ ਜਿਆਦਾ ਕਿਸਮ ਦੀ ਜਾਗ੍ਰਿਤੀ ਪੈਦਾ ਹੋਣੀ ਸ਼ੁਰੂ ਹੋ ਗਈ। ਸੁਤੰਤਰਤਾ ਸੰਗਰਾਮ ਤਾਂ ਭਖਿਆ ਹੋਇਆ ਈ ਸੀ, ਨਾਲ ਨਾਲ ਪ੍ਰਗਤੀਵਾਦੀ ਸਾਹਿਤ ਦੀ ਲਹਿਰ ਸ਼ੁਰੂ ਹੋ ਗਈ। ਉਹ ਜਿਹੜੇ ਆਪੋ ਵਿੱਚੀ ਵੰਡੇ ਹੋਏ ਲੋਕ ਨੇ, ਕਿਰਤੀ ਲੋਕ ਨੇ, ਉਹਨਾਂ ਨੇ ਇਕੱਠੇ ਹੋ ਜਾਣਾ, ਔਰ ਇਹ ਕ੍ਰਾਂਤੀ ਲੈ ਆਉਣਗੇ। ਇਹਦੇ ਨਾਲ ਹੀ ਉਹਨਾਂ ਦਿਨਾਂ ਵਿੱਚ ਹੀ ਪ੍ਰੋ. ਮੋਹਣ ਸਿੰਘ ਨੇ, ਸੰਤ ਸਿੰਘ ਸੇਖੋਂ ਨੇ, ਗੁਰਬਖਸ਼ ਸਿੰਘ ਪ੍ਰੀਤਲੜੀ ਨੇ, ਔਰ ਦੂਜੇ ਲੋਕਾਂ ਨੇ ਇੱਕ ਹੋਰ ਨਵੀਂ ਪ੍ਰਵਿਰਤੀ ਪੰਜਾਬੀ ਲੋਕਾਂ ਨੂੰ ਯਾਦ ਕਰਵਾਈ। ਇਹ ਤਾਂ ਹੈ ਸੀ, ਉਹਨਾਂ ਨੂੰ ਯਾਦ ਕਰਵਾਈ ਕਿ ਇਹ ਜੋ ਜੀਵਨ ਨੇ, ਇਹ ਦੁੱਖਾਂ ਦਾ ਘਰ ਨਹੀਂ, ਇਹ ਸੁੱਖ ਮਾਨਣ ਲਈ ਮਿਲਿਆ ਹੈ। ਇਹੋ ਵਿਚਾਰਧਾਰਾ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਸੀ, ਜਿਹੜੇ ਪ੍ਰੀਤਲੜੀ ਬਹੁਤ ਸਾਲ ਕੱਢਦੇ ਰਹੇ ਤੇ ਪੰਜਾਬ ਵਿੱਚ ਬਹੁਤ ਪ੍ਰਚੱਲਿਤ ਹੋਈ ਔਰ ਉਹਦੇ ਰਾਹੀਂ ਉਹਨਾਂ ਨੇ ਲੋਕਾਂ ਦਾ ਸੋਚਣ ਢੰਗ ਬਦਲਿਆ।

ਜਦੋਂ 1940 ਵਿੱਚ, 1939 ਵਿੱਚ ਦੂਜਾ ਵਿਸ਼ਵ ਯੁੱਧ ਲੱਗਿਆ ਤਾਂ ਉਹਨਾਂ ਦਿਨਾਂ ਵਿੱਚ ਰਾਜਨੀਤਕ ਕਿਸਮ ਦੀ ਬਹੁਤ ਹਲਚਲ ਪੈਦਾ ਹੋਈ। ਯੁੱਧ ਵਿੱਚ ਸ਼ਾਮਿਲ ਹੋਣਾ ਕਿ ਨਹੀਂ ਹੋਣਾ, ਅੰਗਰੇਜਾਂ ਦਾ ਵਿਰੋਧ ਕਰਨਾ ਕਿ ਨਹੀਂ ਕਰਨਾ, ਇਹ ਰਾਜਨੀਤਕ ਵਾਦ-ਵਿਵਾਦ ਪੈਦਾ ਹੋਇਆ। ਲੇਕਿਨ ਇੱਕ ਬੜੀ ਭਿਆਨਕ ਘਟਨਾ ਵਾਪਰੀ ਬੰਗਾਲ ਵਿੱਚ, ਜੀਹਨੂੰ ਬੰਗਾਲ ਦਾ ਕਾਲ ਕਹਿੰਦੇ ਹਨ, ਜੀਹਦੇ ਵਿੱਚ ਕਈ ਲੱਖ ਲੋਕ ਭੁੱਖ ਨਾਲ ਮਾਰੇ ਗਏ ਸਨ। ਔਰ ਜਦੋਂ ਬੰਗਾਲ ਚ ਕਾਲ ਪੈਦਾ ਹੋਇਆ ਤਾਂ ਜਿਹੜੇ ਪ੍ਰਗਤੀਵਾਦੀ ਖਿਆਲਾਂ ਵਾਲੇ, ਅਗਾਂਹਵਧੂ ਖਿਆਲਾਂ ਵਾਲੇ ਲੇਖਕ ਸੀ, ਉਹਨਾਂ ਨੇ ਅਜਿਹਾ ਸਾਹਿਤ ਲਿਖਣਾ ਸ਼ੁਰੂ ਕੀਤਾ, ਜੀਹਦੇ ਵਿੱਚ ਲੋਕਾਂ ਵਿੱਚ ਜਿਆਦਾ ਜਾਗ੍ਰਿਤੀ ਪੈਦਾ ਹੋਵੇ ਔਰ ਸੰਘਰਸ਼ ਲਈ ਉਤਸ਼ਾਹ ਪੈਦਾ ਹੋਵੇ ਤੇ ਬੇਇਨਸਾਫੀ ਦੇ ਖਿਲਾਫ ਆਵਾਜ ਪੈਦਾ ਹੋਵੇ। ਔਰ ਉਹਨੂੰ ਉਰਦੂ ਵਿੱਚ ਕਿਹਾ ਗਿਆ 'ਤਰੱਕੀ ਪਸੰਦ ਸਾਹਿਤ' ਤੇ ਪੰਜਾਬੀ ਵਿੱਚ ਕਿਹਾ ਗਿਆ 'ਪ੍ਰਗਤੀਵਾਦੀ ਜਾਂ ਅਗਾਂਹਵਧੂ ਪੰਜਾਬੀ ਸਾਹਿਤ'। ਔਰ ਉਹਨਾਂ ਦਿਨਾਂ ਵਿੱਚ ਈ ਬੰਬਈ ਵਿੱਚ ਈ ਤਰੱਕੀਪਸੰਦ ਅਜੀਜਾਂ ਦੀ, ਅਗਾਂਹਵਧੂ ਲੇਖਕਾਂ ਦੀ ਇੱਕ ਸੰਸਥਾ ਪੈਦਾ ਹੋਈ ਔਰ ਇਹਨਾਂ ਦਿਨਾਂ ਵਿੱਚ ਈ ਲੇਖਕਾਂ ਨੂੰ ਸੰਗਤ ਸਾਹਿਤ ਕਰਨ ਦੀ ਪ੍ਰਵਿਰਤੀ ਪੈਦਾ ਹੋਈ।

ਪੰਜਾਬ ਵਿੱਚ ਇਹ ਲਹਿਰ ਜਰਾ ਪਛੜ ਕੇ ਆਈ, 1950 ਤੋਂ ਬਾਅਦ ਆਈ। 1950 ਤੋਂ ਬਾਅਦ ਏਥੇ ਲੇਖਕ ਸਭਾਵਾਂ ਬਣਾਉਣ ਦੀ ਲਹਿਰ ਚੱਲੀ, ਜਿਹੜੀ 'ਕੇਂਦਰੀ ਪੰਜਾਬੀ ਲੇਖਕ ਸਾਹਿਤ ਸਭਾ' ਬਣੀ ਆ ਤੇ ਉਹਨੇ ਅੱਗੋਂ ਫਿਰ ਹਰ ਦੋ ਸਾਲਾਂ ਬਾਅਦ ਆਪਣੀਆਂ ਆਲ ਇੰਡੀਆ ਕਾਨਫਰੰਸਾਂ ਕਰਨੀਆਂ ਜਾਰੀ ਰੱਖੀਆਂ। ਔਰ ਉਹਦੀ ਅਗਵਾਈ ਵਿੱਚ ਥਾਂ ਥਾਂ ਲੇਖਕ ਸਭਾਵਾਂ ਬਣਦੀਆਂ ਗਈਆਂ ਔਰ ਥਾਂ ਥਾਂ ਦੇ ਲੇਖਕ ਉਹਨਾਂ ਨਾਲ ਜੁੜਦੇ ਗਏ। ਅੱਛਾ, ਉਹਨਾਂ ਦਿਨਾਂ ਵਿੱਚ ਈ ਲੁਧਿਆਣੇ ਵਿੱਚ ਭਾਈ ਜੋਧ ਸਿੰਘ ਨੇ ਪਹਿਲਕਦਮੀ ਕਰਕੇ ਪੰਜਾਬੀ ਲੇਖਕਾਂ ਦੀ ਇੱਕ ਹੋਰ ਸੰਸਥਾ ਬਣਾਈ ਸੀ, ਉਹਨੂੰ ਕਹਿੰਦੇ ਆ 'ਪੰਜਾਬੀ

ਸਾਹਿਤ ਅਕੈਡਮੀ, ਲੁਧਿਆਣਾ'। ਅਸੀਂ ਬਹੁਤ ਸਾਰੇ ਲੇਖਕ ਆਂ ਜਿਹੜੇ ਮੇਰੀ ਉਮਰ ਦੇ ਸੀ, ਜਾਂ ਸਾਡੇ ਤੋਂ ਸੀਨੀਅਰ ਸੀ, ਉਹਨਾਂ ਦੋਨਾਂ ਸਭਾਵਾਂ ਦੇ ਮੈਂਬਰ ਸਾਂ। ਸੋ ਮੈਂ ਸਾਹਿਤ ਅਕੈਡਮੀ ਲੁਧਿਆਣਾ ਦਾ ਵੀ ਜੀਵਨ ਮੈਂਬਰ ਹਾਂ ਤੇ ਕੇਂਦਰੀ ਪੰਜਾਬੀ ਲੇਖਕ, ਉਹਦਾ ਤਾਂ ਮੈਂ ਫਾਊਂਡਰ ਮੈਂਬਰ ਹਾਂ। ਫਾਊਂਡਰ ਮੈਂਬਰ ਉਹਦੇ 80 ਕੁ ਸੀ, ਉਹਨਾਂ ਚ ਮੈਂ ਸ਼ਾਮਿਲ ਹਾਂ ਤੇ ਫਿਰ ਉਹਦੇ ਬਾਅਦ ਉਹਦੇ ਜੀਵਨ ਮੈਂਬਰ ਆ ਬਹੁਤ, ਫਿਰ ਉਹਤੋਂ ਬਾਅਦ ਕੇਂਦਰੀ ਲੇਖਕ ਸਭਾ ਨੇ ਜੀਵਨ ਮੈਂਬਰ ਬਣਾਏ ਸੀ, ਮੈਂ ਉਹਨਾਂ ਜੀਵਨ ਮੈਂਬਰਾਂ ਵਿੱਚ ਵੀ ਸ਼ਾਮਿਲ ਹਾਂ ਔਰ ਉਸ ਸਮੇਂ ਦੇ ਥੋੜੇ ਲੇਖਕਾਂ ਨੂੰ ਛੱਡ ਕੇ ਬਾਕੀ ਸਾਰੇ ਇਨਾਂ ਦੋਨਾਂ ਸੰਸਥਾਵਾਂ ਦੇ ਮੈਂਬਰ ਰਹੇ। ਔਰ ਇਹਨਾਂ ਸੰਸਥਾਵਾਂ ਦੀਆਂ ਜਿਹੜੀਆਂ ਕਾਨਫਰੰਸਾਂ ਹੁੰਦੀਆਂ ਸੀ, ਉਹਨਾਂ ਵਿੱਚ ਇੱਕ ਹੋਰ ਨਵੀਂ ਗੱਲ ਸ਼ੁਰੂ ਕੀਤੀ ਗਈ, ਉਹ ਸੀ ਸਾਹਿਤਕ ਗੋਸ਼ਟੀ ਕਰਨ ਦੀ। ਮਤਲਬ ਕਾਨਫਰੰਸ ਦੇ ਮੌਕੇ ਤੇ ਲੇਖਕਾਂ ਦੇ ਮਸਲਿਆਂ ਤੇ ਵਿਚਾਰਾਂ ਵੀ ਹੋਣੀਆਂ, ਪ੍ਰਸਤਾਵ ਵੀ ਪਾਸ ਕੀਤੇ ਜਾਣੇ, ਕੁਝ ਭਾਸ਼ਣ ਵੀ ਹੋਣੇ, ਲੇਕਿਨ ਨਾਲ ਨਾਲ ਇਹਨਾਂ ਦੋਨਾਂ ਸੰਸਥਾਵਾਂ ਦੀਆਂ ਕਾਨਫਰੰਸਾਂ ਵਿੱਚ ਗੋਸ਼ਟੀਆਂ ਵੀ ਹੁੰਦੀਆਂ ਸਨ।

ਇਹਨਾਂ ਗੋਸ਼ਟੀਆਂ ਵਿੱਚ ਦੋ ਆਲੋਚਕ ਬਹੁਤ ਉਘੜਵੇਂ ਰੂਪ ਵਿੱਚ ਆਉਂਦੇ ਰਹੇ, ਇੱਕ ਸੰਤ ਸਿੰਘ ਸੇਖੋਂ, ਇੱਕ ਪ੍ਰੋ. ਕਿਸ਼ਨ ਸਿੰਘ ਦਿੱਲੀ ਵਾਲੇ। ਦੋਨੋਂ ਮਾਰਕਸਵਾਦੀ ਸੀ, ਦੋਨੋਂ ਪ੍ਰਗਤੀਵਾਦੀ ਸੀ, ਪਰ ਦੋਨਾਂ ਦੇ ਵਿਚਾਰਾਂ ਵਿੱਚ ਬਹੁਤ ਜਿਆਦਾ ਅੰਤਰ ਸੀ। ਮਸਲਨ ਪ੍ਰੋ. ਕਿਸ਼ਨ ਸਿੰਘ ਗੁਰਬਾਣੀ ਨੂੰ ਤੇ ਵਾਰਿਸ ਸ਼ਾਹ ਦੀ 'ਹੀਰ' ਨੂੰ ਦੁਨੀਆਂ ਦਾ ਮਹਾਨ ਸਾਹਿਤ ਮੰਨਦੇ ਸੀ ਔਰ ਉਹਨਾਂ ਦੇ ਖਿਆਲ ਮੁਤਾਬਕ ਗੁਰਬਾਣੀ ਵੀ, 'ਹੀਰ' ਵਾਰਿਸ ਸ਼ਾਹ ਵੀ ਇਨਕਲਾਬੀ ਸਾਹਿਤ, ਇਨਕਲਾਬੀ ਸਾਹਿਤ, ਉਹ ਇਸ ਗੱਲ ਤੇ ਜੋਰ ਦਿੰਦੇ ਸੀ ਕਿ ਕ੍ਰਾਂਤੀਕਾਰੀ ਸਾਹਿਤ ਜਾਂ ਗੁਰਬਾਣੀ ਆ ਤੇ ਜਾਂ 'ਹੀਰ' ਵਾਰਿਸ ਸ਼ਾਹ ਆ। ਤੇ ਵੀਹਵੀਂ ਸਦੀ ਦੇ ਜਿਹੜੇ ਸਾਹਿਤਕਾਰ ਸਨ, ਜਿਹਨਾਂ ਵਿੱਚ ਮੋਹਣ ਸਿੰਘ ਵੀ ਸ਼ਾਮਿਲ ਸੀ, ਸੇਖੋਂ ਵੀ ਸ਼ਾਮਿਲ ਸੀ, ਗੁਰਬਖਸ਼ ਸਿੰਘ ਪ੍ਰਤਿਲੜੀ ਵੀ ਸ਼ਾਮਿਲ ਸੀ,ਜਿਹਨਾਂ ਨੂੰ ਤਰੱਕੀ ਪਸੰਦ ਸਾਹਿਤਕਾਰ ਮੰਨਿਆ ਜਾਂਦਾ ਸੀ, ਲੋਕ ਹਤੈਸ਼ੀ ਸਾਹਿਤਕਾਰ ਮੰਨਿਆ ਜਾਂਦਾ ਸੀ, ਪ੍ਰੋ. ਕਿਸ਼ਨ ਸਿੰਘ ਨੂੰ ਇਹ ਬਿਲਕੁਲ ਪਸੰਦ ਨਹੀਂ ਸੀ। ਉਹ ਇਸ ਗੱਲ ਤੇ ਬੜੀ ਸਖਤ ਨੁਕਤਾਚੀਨੀ ਕਰਦੇ ਸੀ। ਕਿਉਂਕਿ ਸੰਤ ਸਿੰਘ ਸੇਖੋਂ ਇੱਕ ਪਾਸੇ ਚੰਗੇ ਸਾਹਿਤਕਾਰ ਸੀ, ਵਿਦਵਾਨ ਸੀ, ਦੂਸਰੇ ਪਾਸੇ ਬਹੁਤ ਵੱਡੇ ਆਲੋਚਕ ਸੀ। ਉਹਨਾਂ ਨੂੰ ਕਿਸ਼ਨ ਸਿੰਘ ਦੀ ਆਲੋਚਨਾ ਬੜੀ ਮਾੜੀ ਲੱਗਦੀ ਸੀ ਤੇ ਉਹ ਬਹੁਤ ਨਰਾਜ ਹੋ ਕੇ ਜਵਾਬ ਦਿੰਦੇ ਸੀ। ਉਹਨਾਂ ਨੂੰ ਬੜੀ ਤਲਖੀ ਵੀ ਪੈਦਾ ਹੁੰਦੀ ਸੀ ਔਰ ਬੜੀ, ਕਈ ਵਾਰੀ ਬੜੀ ਘਟੀਆ ਕਿਸਮ ਦੀ ਤਲਖੀ ਵੀ ਪੈਦਾ ਹੁੰਦੀ ਸੀ।

ਸਭਾਵਾਂ ਲੇਖਕਾਂ ਨੂੰ ਲਿਖਣ ਦੀ ਜਾਚ ਨਹੀਂ ਸਿਖਾ ਸਕੀਆਂ। ਲਿਖਣ ਦੀ ਜਾਂਚ ਤਾਂ ਲੇਖਕ ਨੂੰ ਆਪ ਈ ਆਉਣੀ ਆ। ਔਰ ਪੜ ਕੇ ਆਉਣੀ ਆ ਔਰ ਕੁਛ ਜੀਵਨ ਨੂੰ ਅਨੁਭਵ ਕਰਕੇ ਆਉਣੀ ਆ। ਔਰ ਬਹੁਤ ਕੁਝ ਦੂਜਾ ਲਿਖਿਆ ਹੋਇਆ ਸਾਹਿਤ ਪੜ ਕੇ ਆਉਣੀ ਆ। ਇੱਕ ਲੇਖਕ ਜਦੋਂ ਵੱਡਾ ਲੇਖਕ ਬਣਦਾ, ਉਹਦੇ ਵਿਚ ਕੁਝ ਜਮਾਂਦਰੂ ਪ੍ਰਤੀਭਾ ਵੀ ਹੁੰਦੀ ਆ। ਫਿਰ ਉਹ ਪੜਦਾ ਹੈ, ਜੀਵਨ ਵਿੱਚ ਜੋ ਵਾਪਰ ਰਿਹਾ, ਹੱਡ ਬੀਤੀ ਤੇ ਜੱਗ ਬੀਤੀ, ਉਹਦੇ ਤੋਂ ਵੀ ਸਿੱਖਦਾ ਹੈ, ਪਰ ਬਹੁਤ ਕੁਝ ਉਹ ਦੁਨੀਆਂ ਭਰ ਦੇ ਲਿਖੇ ਹੋਏ ਵਧੀਆ ਸਾਹਿਤ ਨੂੰ ਪੜ ਕੇ ਸਿੱਖਦਾ ਹੈ। ਉਹ ਅਸਲੀ ਗਿਆਨ ਤਾਂ ਲੇਖਕ ਨੇ ਆਪ ਹਾਸਲ ਕਰਨਾ ਔਰ ਆਪਣੀ ਲਿਖਤ ਨੂੰ ਬੇਹਤਰ ਬਣਾਉਣਾ ਹੈ ਤਾਂ ਵੀ ਜਦੋਂ ਕਿਸੇ ਸਭਾ ਵਿੱਚ ਚਰਚਾ ਹੁੰਦੀ ਐ ਔਰ ਜਾਂ ਕਿਸੇ ਵੱਡੀ ਕਾਨਫਰੰਸ ਦੀ ਗੋਸ਼ਟੀ ਵਿੱਚ ਚਰਚਾ ਹੁੰਦੀ ਐ ਤਾਂ ਉਸਦਾ ਵੀ ਕੁਛ ਫਾਇਦਾ ਹੁੰਦਾ। ਪਰ ਮੈਂ ਇੱਕ

ਵਾਰ ਫਿਰ ਦੁਹਰਾਵਾਂਗਾ ਕਿ ਲੇਖਕਾਂ ਬਾਰੇ ਇਹ ਕਹਿਣਾ ਕਿ ਸਭਾਵਾਂ ਉਹਨਾਂ ਨੂੰ ਲਿਖਣਾ ਸਿਖਾ ਸਕਦੀਆਂ, ਇਹ ਗਲਤ ਹੈ, ਦੁਰਸਤ ਨਹੀਂ ਐ ਔਰ ਬਹੁਤ ਸਾਰੇ ਲੇਖਕ ਸਾਡੀਆਂ ਗੋਸ਼ਟੀਆਂ ਵਿੱਚ ਰਚਨਾਵਾਂ ਪੜਦੇ ਰਹੇ, ਉਹਨਾਂ ਬਾਰੇ ਚਰਚਾ ਵੀ ਹੁੰਦੀ ਰਹੀ, ਉਹ ਬਹੁਤਾ ਅੱਗੇ ਨਹੀਂ ਵਧੇ। ਕੁਝ ਸਮਿਆਂ ਲਿਖਿਆ, ਉਸ ਤੋਂ ਬਾਅਦ ਲਿਖਣਾ ਬੰਦ ਕਰ ਦਿੱਤਾ। ਕੋਈ ਲੇਖਕ ਇਕੱਲਾ ਨਹੀਂ ਰਹਿਣਾ ਚਾਹੁੰਦਾ, ਕਿਉਂਕਿ ਲੇਖਕ ਨੇ ਜੋ ਲਿਖਿਆ, ਜੇ ਉਹ ਦੂਜੇ ਲੋਕ ਪੜਨਗੇ ਨਹੀਂ ਤਾਂ ਉਹ ਲਿਖਣ ਦਾ ਕੀ ਫਾਇਦਾ? ਔਰ ਪੜਨ ਵਾਲਿਆਂ ਵਿੱਚ ਲੇਖਕ ਵੀ ਸ਼ਾਮਿਲ ਹੁੰਦੇ ਆ ਤੇ ਦੂਜੇ ਪਾਠਕ ਵੀ ਸ਼ਾਮਿਲ ਹੁੰਦੇ ਆ। ਤੇ ਲੇਖਕ ਚਾਹੁੰਦਾ ਬਈ ਲੇਖਕਾਂ ਦਾ ਭਾਈਚਾਰਾ ਕਿਤੇ ਬੈਠੇ ਤੇ ਜੋ ਮੈਂ ਲਿਖਦਾਂ, ਉਹਦੇ ਉਤੇ ਵਿਚਾਰ ਹੋਵੇ ਜਾਂ ਜੋ ਮੈਂ ਲਿਖਿਆ, ਉਹਦੇ ਬਾਰੇ ਮੈਨੂੰ ਲੇਖਕ ਆਪਣੀ ਰਾਇ ਦੱਸਣ। ਇਸ ਕਰਕੇ ਲੇਖਕ ਹੁਣ ਤੱਕ ਇਹਨਾਂ ਸਭਾਵਾਂ ਨਾਲ, ਇਹਨਾਂ ਸੰਸਥਾਵਾਂ ਨਾਲ ਜੁੜੇ ਹੋਏ ਆ।

ਲੇਕਿਨ ਇਹਨਾਂ ਸੰਸਥਾਵਾਂ ਦੀ ਲਹਿਰ ਪਹਿਲੇ ਜਿੰਨੀ ਸਰਗਰਮ ਨਹੀਂ ਰਹੀ, ਜਿੰਨੀ ਪਹਿਲਾਂ ਸੀ। ਉਹਦਾ ਇੱਕ ਕਾਰਨ ਇਹ ਐ ਕਿ 'ਕੇਂਦਰੀ ਪੰਜਾਬੀ ਲੇਖਕ ਸਭਾ' ਪੈਦਾ ਹੋਈ ਸੀ ਕਮਿਊਨਿਸਟ ਪਾਰਟੀ ਦੀ ਪ੍ਰੇਰਨਾ ਨਾਲ, ਇਹ ਤਰੱਕੀ ਪਸੰਦ ਸਾਹਿਤ ਦੀ ਲਹਿਰ ਕਾਫੀ ਜੋਰ ਨਾਲ ਚੱਲ ਰਹੀ ਸੀ ਤੇ ਸਭਾਵਾਂ ਵੀ ਕਾਫੀ ਸਰਗਰਮ ਸਨ। ਹੌਲੀ ਹੌਲੀ ਜੋ ਪਹਿਲਾਂ ਸੀ. ਪੀ. ਆਈ. ਦੋ ਹਿੱਸਿਆਂ ਚ ਵੰਡੀ ਗਈ। ਸੀ. ਪੀ. ਆਈ. ਤੇ ਸੀ. ਪੀ. ਐਮ., ਉਹਦੇ ਨਾਲ ਜਿਹੜੀ ਪੰਜਾਬੀ ਲੇਖਕਾਂ ਦੀ ਕੇਂਦਰੀ ਪੰਜਾਬੀ ਲੇਖਕ ਸਭਾ, ਇਹ ਦੋ ਹਿੱਸਿਆਂ ਚ ਨਹੀਂ ਵੰਡੀ ਗਈ, ਇਹ ਇਕੱਠੀ ਰਹੀ, ਇਹ ਅੱਛਾ ਗੁਣ ਰਿਹਾ, ਜਦੋਂ ਚੋਣ ਹੁੰਦੀ ਸੀ, ਇਹ ਦੋਵੇਂ ਪਾਰਟੀਆਂ ਉਹਦੇ ਨਾਲ ਵੰਡ, ਪਰ ਜਦੋਂ ਇੱਕ ਤੀਜੀ ਕਮਿਊਨਿਸਟ ਪਾਰਟੀ ਬਣ ਗਈ ਸੀ, ਜਦੋਂ ਨਕਸਲਾਈਟ ਲਹਿਰ ਦੇ ਸਮੇਂ ਚ ਪੈਦਾ ਹੋਈ ਆ, ਉਦੋਂ ਇਕ ਕੇਂਦਰੀ ਲੇਖਕ ਸਭਾ ਹੋਰ ਵੀ ਪੈਦਾ ਹੋ ਗਈ ਸੀ। ਔਰ ਉਹ ਕੇਂਦਰੀ ਲੇਖਕ ਸਭਾ ਹੁਣ ਵੀ ਅਲੱਗ ਚੱਲ ਰਹੀ ਐ। ਤੇ ਇਉਂ ਸਭਾਵਾਂ ਦੀ ਲਹਿਰ ਵਿੱਚ ਕੁਝ ਫੁੱਟ ਵੀ ਪੈਦਾ ਹੋਈ, ਕੁਝ ਸਰਗਰਮੀ ਘਟੀ ਵੀ ਤਾਂ ਵੀ ਇਸਨੇ ਪੰਜਾਬੀ ਸਾਹਿਤ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ। 1970 ਤੋਂ ਬਾਅਦ ਪਰਦੇਸ ਜਾਣ ਦੀ ਪ੍ਰਵਿਰਤੀ ਜਿਆਦਾ ਵਧੀ ਔਰ ਪਹਿਲਾਂ ਇੰਗਲੈਂਡ ਵਿੱਚ ਲੋਕ ਗਏ, ਫਿਰ ਕੈਨੇਡਾ ਗਏ, ਯੂ. ਐਸ. ਏ. ਗਏ, ਤੇ 1980-81 ਵਿੱਚ ਵਿਸ਼ਵ ਪੰਜਾਬੀ ਕਾਨਫਰੰਸ ਕਰਨ ਦਾ ਵਿਚਾਰ ਪਹਿਲੀ ਵਾਰ ਇੰਗਲੈਂਡ ਦੇ ਲੇਖਕਾਂ ਚ ਪੈਦਾ ਹੋਇਆ, ਵਿਸ਼ਵ ਪੰਜਾਬੀ ਕਾਨਫਰੰਸ ਔਰ ਇਹ ਵੀ ਲੇਖਕ ਸਭਾਵਾਂ ਦੀਆਂ ਕਾਨਫਰੰਸਾਂ ਤੋਂ ਪ੍ਰੇਰਨਾ ਲੈ ਕੇ ਇੱਕ ਕਾਨਫਰੰਸ ਕਰਾਈ ਗਈ।

**Organizing Activities**

ਜਲੰਧਰ ਵਿੱਚ ਜਦੋਂ ਅਸੀਂ ਕੇਂਦਰੀ ਸਭਾ ਬਣਾਉਣ ਦਾ ਫੈਸਲਾ ਕੀਤਾ। ਕੀਤਾ ਤਾਂ ਸਾਡੇ ਤੋਂ ਸੀਨੀਅਰ ਲੇਖਕਾਂ ਨੇ ਮਸਲਨ ਗਿਆਨੀ ਹੀਰਾ ਸਿੰਘ ਦਰਦ ਦਾ ਇਹ ਵਿਚਾਰ ਸੀ। ਮੈਂ ਮੈਨੂੰ ਜਿਆਦਾ ਲਿਖਣ ਦਾ ਸ਼ੌਕ ਸੀ ਤੇ ਸੰਗਠਨਕਾਰੀ ਕੰਮ ਦਾ ਘੱਟ ਸ਼ੌਕ ਸੀ। ਇਹ ਦੋਨੋਂ ਸੰਗਠਨਕਰਤਾ ਜਿਆਦਾ ਸੀ, ਗਿਆਨੀ ਭਜਨ ਸਿੰਘ ਵੀ ਔਰ ਗੁਰਬਖਸ਼ ਸਿੰਘ ਪੰਨੂੰਆਲਾ, ਦੋਵੇਂ ਪੱਤਰਕਾਰ ਸਨ, ਗਿਆਨੀ ਭਜਨ ਸਿੰਘ ਨੇ ਤਾਂ ਪਿਛੋਂ ਨਾਵਲ ਵੀ ਬੜੇ ਲਿਖੇ ਔਰ ਉਹ ਨਾਵਲਕਾਰ ਦੇ ਤੌਰ ਤੇ ਪ੍ਰਸਿੱਧ ਵੀ ਹੋਏ ਤਾਂ ਵੀ ਉਹਨਾਂ ਨੂੰ ਸੰਗਠਨ ਦਾ ਸ਼ੌਕ ਸੀ। ਔਰ ਦੋਵੇਂ ਜੇਲਾਂ ਕੱਟ ਆਏ ਸੀ। ਉਹ ਪੰਜਾਬੀ ਸੂਬੇ ਦਾ ਅੰਦੋਲਨ ਸ਼ੁਰੂ ਹੋ ਚੁੱਕਾ ਸੀ

ਔਰ ਉਹ ਦੋਵੇਂ ਨੌਜਵਾਨ ਜੇਲ ਚ ਵੀ ਜਾ ਆਏ ਸੀ। ਇਹਨਾਂ ਕਾਨਫਰੰਸਾਂ ਚ ਸ਼ਾਮਿਲ ਹੋਣ ਔਰ ਦੂਰ ਦੁਰਾਡੇ ਜਾਣ ਦਾ ਉਤਸ਼ਾਹ ਹੁੰਦਾ ਸੀ ਔਰ ਥਾਂ ਥਾਂ ਇਹ ਜਿਹੜੀ ਕੁੱਲ ਹਿੰਦ ਕਾਨਫਰੰਸਾਂ ਤਾਂ ਥਾਂ ਥਾਂ ਨਹੀਂ ਸੀ ਹੋ ਸਕਦੀਆਂ, ਔਰ ਇਹ ਸਾਲ ਦੋ ਸਾਲ ਬਾਅਦ ਹੁੰਦੀਆਂ ਸੀ, ਪਰ ਸਥਾਨਕ ਸਭਾਵਾਂ ਆਪਣੀਆਂ ਸਰਗਰਮੀਆਂ ਦੇ ਅਧੀਨ ਆਪਣੀਆਂ ਆਪਣੀਆਂ ਕਾਨਫਰੰਸਾਂ ਕਰਦੀਆਂ ਰਹਿੰਦੀਆਂ ਸੀ। ਮੈਨੂੰ ਯਾਦ ਐ ਇੱਕ ਵਾਰੀ ਰਾਮਪੁਰਾ ਪੰਜਾਬੀ ਲਿਖਾਰੀ ਸਭਾ ਦੀ ਕਾਨਫਰੰਸ ਸੀ ਤੇ ਰਾਤ ਨੂੰ ਕਵੀ ਦਰਬਾਰ ਸੀ। ਅਸੀਂ ਉਸ ਰਾਤ ਵਾਲੇ ਕਵੀ ਦਰਬਾਰ ਵਿੱਚ ਵੀ ਸ਼ਾਮਿਲ ਹੋਏ ਔਰ ਦਿਨ ਵਾਲੇ ਕਾਨਫਰੰਸ ਹੋਈ ਆ, ਦੇਖੀ ਆ, ਯਾਦ ਐ ਰਾਮਪੁਰਾ ਲਿਖਾਰੀ, ਰਾਮਪੁਰਾ ਪਿੰਡ ਤਾਂ ਇੱਕ ਪਾਸੇ ਨੂੰ ਆ, ਪਰ ਉਥੇ ਨਹਿਰ ਦੇ ਕਿਨਾਰੇ ਤੇ ਇੱਕ ਰੈਸਟ ਹਾਊਸ ਆ, ਬਹੁਤ ਵਾਰ ਉਸ ਰੈਸਟ ਹਾਊਸ ਚ ਇਕੱਠ ਹੁੰਦੇ ਸੀ, ਕਾਨਫਰੰਸਾਂ ਹੁੰਦੀਆਂ ਸੀ ਔਰ ਇੱਕ ਗੱਲ ਹੋਰ ਯਾਦ ਆ ਰਹੀ ਮੈਨੂੰ ਰਾਮਪੁਰਾ ਲਿਖਾਰੀ ਸਭਾ ਚ ਉਹਨਾਂ ਦਿਨਾਂ ਚ ਗੁਰਚਰਨ ਰਾਮਪੁਰੀ ਤੇ ਸੁਰਜੀਤ ਰਾਮਪੁਰੀ ਦੋਵੇਂ ਬੜੇ ਸਰਗਰਮ ਕਵੀ ਸਨ। ਦੋਵੇਂ ਜਿਹੜੀ ਜਦੋਂ ਕਦੇ ਆਲ ਇੰਡੀਆਂ ਕਾਨਫਰੰਸ ਹੁੰਦੀ ਸੀ, ਉਹਨਾਂ ਚ ਇਹ ਦੋਵੇਂ ਆਪਣੀ ਆਪਣੀ ਕਵਿਤਾ ਸਣਾਉਂਦੇ ਸੀ। ਪਰ ਜਿਹੜੀ ਇਹ ਸਥਾਨਕ ਲਿਖਾਰੀ ਸਭਾ ਸੀ, ਇਹਦੇ ਸਰਗਰਮ ਹੋਣ ਦਾ ਕਾਰਨ ਵੀ ਇਹ ਦੋਵੇਂ ਕਵੀ ਸਨ ਔਰ ਇਹਦੇ ਤੋਂ ਮੈਂ ਇੱਕ ਹੋਰ ਨਤੀਜਾ ਕਢਦਾਂ ਜਿਹੜਾ ਕਿ ਬਿਲਕੁਲ ਠੀਕ ਐ ਕਿ ਜਿਥੇ ਵੀ ਜਿਹੜਾ ਕੋਈ ਲਿਖਾਰੀ ਸਭਾ ਸਰਗਰਮ ਰਹੀ, ਉਹਦੇ ਪਿਛੇ ਇਕ ਦੋ ਲੇਖਕਾਂ ਦਾ ਈ ਹੱਥ ਹੁੰਦੀ ਸੀ। ਜਿਹੜੇ ਲੇਖਕ ਉਥੇ ਦੇ ਚੰਗੇ ਲਿਖਣ ਵਾਲੇ ਹੈ ਔਰ ਸਥਾਨਕ ਲੇਖਕਾਂ ਵਿੱਚ ਉਹਨਾਂ ਦਾ ਪ੍ਰਭਾਵ ਹੈ, ਉਹਨਾਂ ਦੇ ਕਰਕੇ ਈ ਲੇਖਕ ਸਭਾ ਸਰਗਰਮ ਹੁੰਦੀ ਸੀ। ਜਿਥੇ ਲੇਖਕਾਂ ਵਿੱਚ ਕੋਈ ਬਹੁਤ ਅੱਛਾ ਲੇਖਕ ਨਹੀਂ ਹੈ ਔਰ ਸਰਗਰਮ ਨਹੀਂ ਹੈ, ਉਥੋਂ ਦੀਆਂ ਲੇਖਕ ਸਭਾਵਾਂ ਬਣੀਆਂ ਅਤੇ ਛੇਤੀ ਖਤਮ ਹੋ ਗਈਆਂ। ਬਰਨਾਲੇ ਵਿੱਚ ਪਿਛੋਂ ਕਈ ਸਭਾਵਾਂ ਬਣ ਗਈਆਂ ਸੀ, ਪਹਿਲਾਂ ਪਹਿਲਾਂ ਇਕੋ ਹੀ ਲਿਖਾਰੀ ਸਭਾ ਹੁੰਦੀ ਸੀ ਔਰ ਉਹਦੀਆਂ ਕਾਨਫਰੰਸਾਂ ਵੀ ਹੁੰਦੀਆਂ ਰਹੀਆਂ ਔਰ ਉਹਦੇ ਵਿਚ ਵੀ ਅਸੀਂ ਜਾਂਦੇ ਰਹੇ ਤੇ ਬਰਨਾਲੇ ਦੀ ਸਿਫਤ ਇਹ ਸੀ ਕਿ ਉਥੇ ਕਈ ਲੇਖਕ ਪੈਦਾ ਹੋਏ, ਪ੍ਰੀਤਮ ਸਿੰਘ ਕਵੀ, ਉਹਦਾ ਭਰਾ ਹੈ ਜੁਗਿੰਦਰ ਨਿਰਾਲਾ, ਪ੍ਰਤਿਮ ਸਿੰਘ ਕਵੀ ਤੇ ਹੁਣ ਚੜਾਈ ਕਰ ਗਿਆ ਐ। ਉਹਤੋਂ ਪਹਿਲਾਂ ਉਥੇ ਇੱਕ ਸੱਜਣ ਸਨ, ਜਿਹਨਾਂ ਨੇ ਲਿਖਿਆ ਲੱਗਭੱਗ ਕੁਝ ਵੀ ਨਹੀਂ ਲੇਕਿਨ ਔਰਗੇਨਾਈਜਰ ਬਹੁਤ ਵੱਡੇ ਸੀ, ਉਹ ਸਨ ਜਗਜੀਤ ਸਿੰਘ ਜਗਤਾਰ, ਅਜੇ ਤੱਕ ਵੀ ਜਿਉਂਦੇ ਆ, ਅਜੇ ਤੱਕ ਵੀ ਸਰਗਰਮ ਆ, ਪੱਤਰਕਾਰੀ ਕਰਦੇ ਆ। ਲੇਕਿਨ ਬਰਨਾਲੇ ਦੀ ਸਾਹਿਤਕ ਲਹਿਰ ਵਿੱਚ ਉਹਨਾਂ ਦਾ ਬਹੁਤ ਵੱਡਾ ਯੋਗਦਾਨ ਸੀ ਕਿਉਂਕਿ ਉਹ ਬਹੁਤ ਅੱਛੇ ਔਰਗੇਨਾਈਜਰ ਸੀ। ਜਿਹੜਾ ਹੈ ਰਾਮ ਸਰੂਪ ਅਣਖੀ, ਇਹਨੂੰ ਅਸੀਂ ਬਰਨਾਲੇ ਦੀ ਸਾਹਿਤਕ ਸਭਾ ਦਾ, ਬਰਨਾਲੇ ਦੀ ਸਾਹਿਤਕ ਲਹਿਰ ਦਾ ਪ੍ਰੌਡੱਕਟ ਕਹਿ ਸਕਦੇ ਆਂ, ਪਰ ਉਹਦੀ ਜਿਹੜੀ ਕਾਮਯਾਬੀ ਆ, ਉਹਦੀ ਆਪਣੀ ਯੋਗਤਾ, ਉਹਦਾ ਆਪਣਾ ਸੰਘਰਸ਼ ਔਰ ਉਹਦੇ ਆਪਣੇ ਤਹੱਈਏ ਦੀ ਭੂਮਿਕਾ ਸੀ। ਤੇ ਬਰਨਾਲੇ ਵਿੱਚ ਹਾਲੇ ਤੱਕ ਵੀ ਬਹੁਤ ਸਾਹਿਤਕ ਸਰਗਰਮੀ ਹੈ, ਪਰ ਉਸ ਪੱਧਰ ਦੇ ਲੇਖਕ ਮੁੜਕੇ ਉਸ ਇਲਾਕੇ ਵਿੱਚ ਪੈਦਾ ਨਹੀਂ ਹੋਏ, ਜਿਹੜੇ ਹੁਣ ਹੋ ਰਹੇ ਆ। ਇੱਕ ਹੋਰ ਦਿੱਲੀ ਵਿੱਚ ਈ ਰਹਿਣ ਵਾਲੇ ਸੱਜਣ ਸਨ, ਗਿਆਨੀ ਕੁਲਦੀਪ ਸਿੰਘ , ਉਹ ਜੇ ਮੈਂ ਭੁੱਲਦਾ ਨਹੀਂ ਤਾਂ ਉਹਨਾਂ ਦਾ ਜਿਹੜਾ ਮਿਲਟਰੀ ਦਾ ਸਿਵਲ ਮਹਿਕਮਾ ਹੈ, ਉਹਦੇ ਚ ਉਹ ਮੁਲਾਜਮ ਸੀ, ਤੇ ਮਿਲਟਰੀ ਵਲੋਂ ਇੱਕ ਪਰਚਾ ਪੰਜਾਬੀ ਛਪਦਾ ਸੀ, ਉਦੇ ਉਹ ਸੰਪਾਦਕ ਹੁੰਦੇ ਸੀ, ਉਹ ਇਸ ਸਭਾ ਨਾਲ ਜੁੜੇ ਰਹੇ।

ਭਵਨ ਕਿੱਦਾਂ ਬਣਾਇਆ ਜਾਵੇ? ਪੰਜਾਬੀ ਭਵਨ ਕਿਦਾਂ ਬਣਾਇਆ ਜਾਵੇ? ਇਹ ਬੜਾ ਖਰਚ ਵਾਲਾ ਕੰਮ ਹੈ, ਲੇਖਕਾਂ ਪਾਸ ਫੰਡ ਨਹੀਂ। ਫਿਰ ਇੱਕ ਉਥੋਂ ਦੇ ਇੱਕ ਵੱਡੇ ਬਿਲਡਰ ਨੇ ਔਫਰ ਕੀਤੀ ਬਈ ਮੈਂ ਇਹ ਭਵਨ ਆਪ ਬਣਾ ਦਿੰਨਾ, ਇਉਂ ਉਹ ਪੰਜਾਬੀ ਭਵਨ ਬਣਿਆ ਔਰ ਹੁਣ ਉਹ ਪੰਜਾਬੀ, ਹੁਣ ਉਹਦਾ ਨਾਂ ਹੈ, ਪਹਿਲਾਂ ਵੀ ਨਾਂ ਸੀ ਪੰਜਾਬੀ ਸਾਹਿਤ ਸਭਾ, ਨਾ ਲੇਖਕ ਨਾ ਲਿਖਾਰੀ, ਪੰਜਾਬੀ ਸਾਹਿਤ ਸਭਾ ਜਿਹੜੀ ਗਿਆਨੀ ਹਰੀ ਸਿੰਘ ਨੇ ਬਣਾਈ ਸੀ, ਉਹ ਜਿਹੜੀ ਪੰਜਾਬੀ ਸਾਹਿਤ ਸਭਾ ਉਹ 40 ਤੋਂ ਲੈ ਕੇ ਹੁਣ ਤੱਕ ਕਾਇਮ ਹੈ। ਉਹਦਾ ਮੁੱਖ ਹੁਣ ਐਸ ਵੇਲੇ ਮੁੱਖ ਕਾਰਨ ਇਹ ਨਹੀਂ ਕਿ ਲੇਖਕ ਆਉਂਦੇ ਆ ਉਥੇ ਤੇ ਉਹ ਇੱਕ ਮਹੀਨੇ ਚ, ਹਰ ਮਹੀਨੇ ਲੇਖਕਾਂ ਦਾ ਇਕ ਇਕੱਠ ਵੀ ਕਰਦੇ ਆ। ਲੇਕਿਨ ਉਹਦੇ ਕਾਇਮ ਰਹਿਣ ਦਾ, ਸਰਗਰਮ ਹੋਣ ਦਾ ਇੱਕ ਮੁਖ ਕਾਰਨ ਇਹ ਹੈ ਕਿ ਉਹਨਾਂ ਪਾਸ ਹੁਣ ਇੱਕ ਪੱਕਾ ਟਿਕਾਣਾ ਹੈ, ਪੰਜਾਬੀ ਭਵਨ ਹੈ, ਉਥੇ ਦਫਤਰ ਹੈ, ਉਥੇ ਮੁਲਾਜਮ ਐ। ਉਹਦੇ ਬਕਾਇਦਾ ਮੁਲਾਜਮ ਆ ਉਥੇ। ਉਹ ਮੁਲਾਜਮਾਂ ਕਰਕੇ ਉਹ ਸਾਹਿਤ ਸਭਾ ਚੱਲਦੀ ਐ ਔਰ ਇਥੇ ਮੈਂ ਪੰਜਾਬ ਦੀ ਗੱਲ ਅਲਹਿਦਾ, ਸਭਾਵਾਂ ਬਾਰੇ ਵੀ ਗੱਲ ਕਹਿਣੀ ਚਾਹੁੰਦਾ, ਕੇਂਦਰੀ ਲੇਖਕ ਸਭਾ ਕਮਜੋਰ ਪੈ ਚੁੱਕੀ ਐ ਕਿਉਂਕਿ ਇਹਦਾ ਕੋਈ ਪੱਕਾ ਟਿਕਾਣਾ ਨਹੀਂ, ਲੇਕਿਨ ਸਾਹਿਤ ਅਕੈਡਮੀ ਲੁਧਿਆਣਾ ਕਾਇਮ ਹੈ ਕਿਉਂਕਿ ਉਹਦਾ ਵੀ ਪੱਕਾ ਟਿਕਾਣਾ, ਪੱਕਾ ਅਦਾਰਾ ਲੁਧਿਆਣੇ ਵਿਚ ਬਣ ਚੁੱਕਾ ਹੈ, ਪੰਜਾਬੀ ਭਵਨ।

ਰਾਮਪੁਰਾ ਲਿਖਾਰੀ ਸਭਾ ਵਿੱਚ ਗੁਰਚਰਨ ਰਾਮਪੁਰੀ ਤੇ ਸੁਰਜੀਤ ਰਾਮਪੁਰੀ ਦੇ ਲੈਵਲ ਦੇ ਲੇਖਕ ਨੀ ਬਾਅਦ ਵਿਚ ਪੈਦਾ ਹੋਏ, ਪਰ ਪੈਦਾ ਹੋਏ। ਉਹ ਇੱਕ 'ਪਿੰਡ ਬੋਲਦਾ ਹੈ' ਕਿਤਾਬ ਛਪੀ ਐ, ਮੈਨੂੰ ਉਹਦੇ ਲੇਖਕ ਦਾ ਨਾਮ ਨਹੀਂ, ਹੁਣ ਉਹ ਜਿਉਂਦਾ ਐ, ਕਵਿਤਾ ਚ ਐ, 'ਪਿੰਡ ਬੋਲਦਾ ਹੈ', ਬੜੀ ਅੱਛੀ ਕਿਤਾਬ ਹੈ। ਏਸੇ ਤਰਾਂ ਸੁਰਿੰਦਰ ਰਾਮਪੁਰੀ ਹੁਣ ਵੀ ਲਿਖਦਾ ਹੈ, ਇੱਕ ਮੱਲ ਸਿੰਘ ਰਾਮਪੁਰੀਆ, ਹੁਣ ਵੀ ਲਿਖਦਾ ਹੈ, ਉਹ ਇਉਂ ਜਿਹੜੀਆਂ ਲੇਖਕ ਸਭਾਵਾਂ ਬਣੀਆਂ, ਉਹਨਾਂ ਨੇ ਇੱਕ ਸਹਿਤ ਰਚਨ ਦੀ ਪ੍ਰੰਪਰਾ ਕਾਇਮ ਕਰ ਦਿਤੀ। ਉਸ ਪ੍ਰੰਪਰਾ ਨਾਲ ਉਸ ਪਿੰਡ ਦੇ ਜਾਂ ਉਸ ਇਲਾਕੇ ਦੇ ਲੋਕ ਜੁੜੇ ਰਹੇ ਔਰ ਕਈ ਹੋਰ ਲੇਖਕ ਪੈਦਾ ਹੋਏ। ਸਭਾਵਾਂ ਨੇ ਪ੍ਰੰਪਰਾ ਸਾਹਿਤ ਰਚਣ ਦੀ, ਸਾਹਿਤ ਸੁਣਨ ਦੀ, ਪੜਨ ਦੀ ਪ੍ਰੰਪਰਾ ਪੈਦਾ ਕੀਤੀ ਜਿਵੇਂ ਰਾਮਪੁਰੇ ਨੇ, ਬਰਨਾਲੇ ਨੇ, ਕੁਝ ਹੱਦ ਤੱਕ ਜਲੰਧਰ ਨੇ।

1984 ਤੋਂ ਲੈ ਕੇ 94 ਤੱਕ ਲਗਾਤਾਰ ਦਸ ਸਾਲ ਮੈਂ ਪੁਲੀਟੀਕਲ ਕਾਲਮ ਲਿਖਿਆ ਅਖਬਾਰਾਂ ਵਿਚ, ਪੰਜਾਬੀ ਟ੍ਰਿਬਿਊਨ ਵਿੱਚ ਤੇ, ਅਜੀਤ ਵਿੱਚ ਹਰ ਹਫਤੇ ਮੇਰੇ ਦੋ ਲੇਖ ਪੰਜਾਬ ਦੇ ਤੇ ਭਾਰਤ ਦੇ ਘਟਨਾਵਾਂ ਉਤੇ, ਰਾਜਨੀਤਕ ਘਟਨਾਵਾਂ, ਸਭਿਆਚਾਰਕ ਤੇ ਆਰਥਿਕ ਘਟਨਾਵਾਂ ਤੇ ਛਪਦੇ ਸੀ, ਉਹ ਬਹੁਤ ਪੜੇ ਜਾਂਦੇ ਸੀ, ਸਾਰੀ ਦੁਨੀਆਂ ਚ ਪੜੇ ਜਾਂਦੇ ਸੀ। ਉਹ 'ਦੇਸ ਪਰਦੇਸ' ਇੰਗਲੈਂਡ ਵਾਲਾ ਤੇ 'ਇੰਡੋ ਕਨੇਡੀਅਨ ਟਾਈਮ' ਕਨੇਡਾ ਵਾਲਾ, ਉਹ ਏਥੋਂ ਚੱਕ ਕੇ ਛਾਪ ਲੈਂਦੇ ਸੀ। ਉਹਨੇ ਮੈਨੂੰ, ਮੇਰੇ ਸਾਹਿਤ ਨੇ ਨਹੀਂ, ਮੇਰੇ ਉਸ ਕਾਲਮ ਨੇ ਮੈਨੂੰ ਸਾਰੀ ਦੁਨੀਆਂ ਵਿੱਚ ਪ੍ਰਸਿੱਧ ਕਰ ਦਿੱਤਾ ਸੀ। ਸੱਚੀ ਗੱਲ ਇਹ ਹੈ ਕਿ ਸਾਹਿਤਕਾਰ ਕਿੰਨੀ ਵੱਡੀ ਪ੍ਰਤਿਭਾ ਦਾ ਮਾਲਕ ਹੋਵੇ, ਲੇਖਕ ਸਭਾਵਾਂ ਵਿੱਚ ਜਾਣ ਨਾਲ ਉਹਦਾ ਥੋੜਾ ਆਦਰ ਮਾਣ ਹੁੰਦਾ, ਥੋੜੀ ਰੈਕੋਗਨੀਸ਼ਨ ਹੁੰਦੀ ਆ। ਇਉਂ ਲੇਖਕ ਬਿਲਕੁਲ ਅਲੱਗ ਰਹਿ ਨਹੀਂ ਖੁਸ਼ ਹੁੰਦਾ, ਉਹ ਆਪਣੇ ਸਾਹਿਤ ਭਾਈਚਾਰੇ ਚ ਜਾਣਾ ਚਾਹੁੰਦਾ। ਔਰ ਇਹ ਸਾਹਿਤਕ ਭਾਈਚਾਰਾ ਇਹਨਾਂ ਸਾਹਿਤਕ ਸਭਾਵਾਂ ਦਾ ਈ ਆ। ਸੋ ਇਹਨਾਂ ਵਿੱਚ ਜਾਣਾ ਲੇਖਕ ਪਸੰਦ ਕਰਦਾ ਤੇ ਉਹਦਾ ਸਨਮਾਨ ਹੁੰਦਾ ਤੇ ਉਹ ਚਾਹੁੰਦਾ ਕਿ ਸਨਮਾਨ,

ਡਿਗਨੀਫਾਈਡ ਹੋਵੇ। ਸੋ ਜਾਣਾ ਤੇ ਚਾਹੁੰਦਾ ਈ ਐ, ਉਹ ਕਈ ਲੇਖਕ ਸਭਾਵਾਂ ਨੇ ਆਪਣੀਆਂ ਕਿਤਾਬਾਂ ਛਾਪੀਆਂ। ਆਪਣੇ ਲੇਖਕਾਂ ਦੀਆਂ ਲਿਖਤਾਂ ਇਕੱਠੀਆਂ ਕਰਕੇ, ਜਿਹੜੀਆਂ ਲੋਕਲ ਲੈਵਲ ਦੀਆਂ ਸਭਾਵਾਂ ਐ, ਪਟਿਆਲੇ ਵਾਲਿਆਂ ਨੇ ਵੀ ਛਾਪੀ ਆ, ਰਾਮਪੁਰੇ ਵਾਲਿਆਂ ਨੇ ਵੀ ਛਾਪੀ ਸੀ ਤੇ ਹੋਰ ਲੇਖਕ ਸਭਾਵਾਂ ਨੇ ਵੀ ਆਪਣੇ ਲੇਖਕਾਂ ਦੀਆਂ ਕਵਿਤਾਵਾਂ ਲੈ ਕੇ, ਊਂ ਤਾਂ ਉਹਨਾਂ ਦੀ ਕਵਿਤਾ ਦੀ ਕਿਤਾਬ ਨਹੀਂ ਛਪਦੀ। ਸੋ ਜੇ ਆਪਣੇ ਇਲਾਕੇ ਦੇ ਤੀਹ ਲੇਖਕਾਂ ਦੀਆਂ 30 ਲੇਖਕਾਂ ਦੀਆਂ 3, 3-4, 4 ਨਜਮਾਂ ਲੈ ਕੇ ਸੌ ਸਫਿਆਂ ਦੀ ਕਿਤਾਬ ਛਾਪਤੀ, ਉਹ ਲੇਖਕ ਤਾਂ ਆਨੰਦ ਹੋ ਗਏ, ਉਹਨੂੰ ਨੂੰ ਤਸੱਲੀ ਹੋ ਗਈ ਕਿ ਸਾਨੂੰ ਥੋੜੀ ਬਹੁਤੀ ਰੈਕੋਗਨੀਸ਼ਨ ਮਿਲੀ ਐ, ਇਹੋ ਲੇਖਕ ਸਭਾਵਾਂ ਨੇ ਵੀ ਆਪਣੇ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ, ਉਹਨਾਂ ਦਾ ਕੋਈ ਬਿੰਬ ਬਣਾਉਣ ਲਈ ਕਈ ਕਿਤਾਬਾਂ ਛਾਪੀਆਂ ਨੇ।

ਇਉਂ ਲੇਖਕ ਸਭਾਵਾਂ ਕਿਸੇ ਵੱਡੇ ਲੇਖਕ ਦੀ ਕਿਤਾਬ ਨਹੀਂ ਛਪਦੀ, ਉਹਦੇ ਵਿੱਚ ਤਾਂ ਬਹੁਤਾ ਵੱਡਾ ਯੋਗਦਾਨ ਨਹੀਂ ਪਾ ਸਕਦੀਆਂ, ਪਰ ਫਿਰ ਵੀ ਪਾਇਆ। ਅਰਜਨ ਸਿੰਘ ਗੜਗੱਜ ਨੇ ਆਪਣੇ ਜੀਵਨ ਦੀਆਂ ਛੋਟੀਆਂ ਛੋਟੀਆਂ ਘਟਨਾਵਾਂ ਛੋਟੀਆਂ ਛੋਟੀਆਂ ਕਹਾਣੀਆਂ ਵਿੱਚ ਲਿਖ ਕੇ ਸਾਡੀ ਸਭਾ ਚ ਸੁਣਾਈਆਂ ਸੀ। ਸੁਣ ਕੇ ਸਭ ਨੇ ਕਿਹਾ ਕਿ ਬਈ ਇਹ ਤੁਸੀਂ ਲਿਖਣੀਆਂ ਜਾਰੀ ਰੱਖੋ, ਆਪਣੀਆਂ ਜਿਹੜੀਆਂ ਤੁਹਾਡੀਆਂ ਹੱਡਬੀਤੀਆਂ, ਔਰ ਇਹ ਸਾਹਿਤ ਦਾ ਹਿੱਸਾ ਬਣਨਗੀਆਂ। ਤੇ ਗੜਗੱਜ ਜੀ ਨੇ ਪਿਛੋਂ ਛੋਟੀਆਂ ਛੋਟੀਆਂ ਤਿੰਨ ਸੰਗ੍ਰਹਿ ਛਪਵਾਏ, ਇਹ ਨੇ ਪ੍ਰੀਤਮ ਸਿੰਘ ਨੇ ਦਿੱਲੀ ਵਾਲੇ ਨੇ, ਉਹ ਇੱਕ ਕਿਤਾਬ ਦਾ ਨਾਂ ਹੈ ‘ਦੋ ਪੈਰ ਘੱਟ ਤੁਰਨਾ’, ਔਰ ਦੋ ਕਿਤਾਬਾਂ ਹੋਰ ਐ, ਉਹ ਸਾਡੇ ਸਾਹਿਤ ਦਾ ਵੱਡਾ ਹਿੱਸਾ ਬਣ ਗਈਆਂ, ਗੜਗੱਜ ਜੀ ਦੀਆਂ ਉਹ ਯਾਦਾਂ। ਸੋ ਲੇਖਕ ਸਭਾਵਾਂ ਨੇ ਇਹ ਸਾਹਿਤ ਨੂੰ ਸੰਚਾਰਤ ਕਰਨ ਲਈ, ਲੋਕਾਂ ਤੱਕ ਪਹੁੰਚਾਉਣ ਲਈ, ਕਿਸੇ ਨਾ ਕਿਸੇ ਤਰੀਕੇ ਨਾਲ ਭੂਮਿਕਾ ਅਦਾ ਕੀਤੀ। ਸਭਾਵਾਂ ਨੇ ਸਾਹਿਤ ਦੇਸੀ ਤੇ ਵਿਦੇਸ਼ੀ ਦੂਜਿਆਂ ਤੱਕ ਪਹੁੰਚਾਉਣ ਦਾ ਯਤਨ ਕੀਤਾ। ਪ੍ਰਕਾਸ਼ਕ ਦੇ ਤੌਰ ਤੇ ਬਹੁਤਾ ਨਹੀਂ, ਸਾਹਿਤ ਨੂੰ ਪ੍ਰਕਾਸ਼ਿਤ ਕਰਨਾ ਤੇ ਵੇਚਣਾ ਵਪਾਰਿਕ ਆ, ਇਹ ਸਭਾਵਾਂ ਲਈ ਕਰਨਾ ਮੁਸ਼ਕਲ ਆ। ਸਾਡੀਆਂ ਸਭਾਵਾਂ ਨੇ ਵੀ ਬਹੁਤ ਕਲੱਬਜ ਬਣਾਉਣ ਦੀ ਕੋਸ਼ਿਸ਼ ਕੀਤੀ, ਪੰਜਾਬੀ ਸਾਹਿਤ ਲੁਧਿਆਣਾ ਨੇ ਵੀ ਕੋਸ਼ਿਸ਼ ਕੀਤੀ ਔਰ ਭਾਪਾ ਪ੍ਰੀਤਮ ਸਿੰਘ ਨੇ ਵੀ ਬੁੱਕ ਕਲੱਬ ਬਣਾਉਣ ਦੀ ਕੋਸ਼ਿਸ਼ ਕੀਤੀ। ਮਕਸਦ ਇਹ ਸੀ ਕਿ 100-200 ਮੈਂਬਰ ਬਣ ਜਾਣਾ ਔਰ ਉਹ ਕਹਿਣ ਬਈ ਛਪੀ ਹੋਈ ਕਿਤਾਬ ਤੁਸੀਂ ਸਾਨੂੰ ਭੇਜ ਦਿਆ ਕਰੋ, ਅਸੀਂ ਤੁਹਾਡੇ ਪਾਸ ਏਨੇ ਪੈਸੇ ਜਮਾ ਕਰਾ ਦਿੰਨੇ ਆਂ। ਪਰ ਪੰਜਾਬ ਚ ਇਹ ਬੁੱਕ ਕਲੱਬਜ ਕਾਮਯਾਬ ਨਹੀਂ ਹੋਈ। ਉਹਦਾ ਕਾਰਨ ਇਹ ਆ ਕਿ ਪਾਠਕਾਂ ਦੇ ਜਿਹੜੇ ਲੇਖਕ ਆ, ਸਭ ਲੇਖਕਾਂ ਪਾਸ ਉਨੇ ਪੈਸੇ ਨਹੀਂ ਹੁੰਦੇ ਬਈ ਉਹ ਕਿਤਾਬਾਂ ਖਰੀਦ ਸਕਣ। ਦੂਜੀ ਗੱਲ ਬਈ ਹਰ ਕਿਤਾਬ ਹਰ ਲੇਖਕ ਦੇ ਪਸੰਦ ਦੀ ਨਹੀਂ ਹੁੰਦੀ। ਤੇ ਇੱਕ ਗੱਲ ਹੋਰ ਜਿਹੜਾ ਬਹੁਤ ਵੱਡਾ ਨੁਕਸ ਐ ਸਾਰੇ ਪੰਜਾਬੀ ਸੰਸਾਰ ਵਿੱਚ, ਚਾਹੇ ਉਹ ਪੱਛਮ ਚ ਰਹਿੰਦੇ ਆ, ਚਾਹੇ ਪੂਰਬ ਚ ਰਹਿੰਦੇ ਆ, ਪੰਜਾਬੀ ਲੋਕਾਂ ਵਿੱਚ ਕਿਤਾਬ ਪੜਨ ਦਾ ਸ਼ੌਕ ਨਹੀਂ ਪੈਦਾ ਹੋਇਆ, ਜੋ ਪੈਦਾ ਹੋਣਾ ਚਾਹੀਦਾ ਸੀ। ਆਪਾਂ ਸਾਹਿਤ ਸਭਾਵਾਂ ਦਾ ਜਿਕਰ ਕੀਤਾ ਹੈ ਔਰ ਵੀਹਵੀਂ ਸਦੀ ਦੇ ਸਾਹਿਤ ਦਾ ਜਿਕਰ ਕੀਤਾ ਹੈ। ਲੇਖਕਾਂ ਨੇ ਪੰਜਾਬੀ ਸਾਹਿਤ ਲਈ ਬਹੁਤ ਕੁਝ ਕੀਤਾ ਹੈ। ਲੇਖਕਾਂ ਨੇ ਪੰਜਾਬੀ ਸਮਾਜ ਦੇ ਵਿਕਾਸ ਲਈ ਬਹੁਤ ਕੁਝ ਕੀਤਾ ਹੈ। ਲੇਖਕਾਂ ਨੇ ਪੰਜਾਬੀ ਸਮਾਜ ਦੀਆਂ ਜਿਹੜੀਆਂ ਹੈਗੀਆਂ ਸਮਸਿਆਵਾਂ, ਉਹਨਾਂ ਦੇ ਜਿਹੜੇ ਕਸ਼ਟ, ਦੁੱਖੜੇ, ਉਹਨਾਂ ਉਤੇ ਬਹੁਤ ਕੁਝ ਲਿਖਿਆ ਹੈ। ਲੇਕਿਨ ਪੰਜਾਬੀ ਸਮਾਜ ਨੇ, ਪੰਜਾਬੀ ਭਾਈਚਾਰੇ ਨੇ ਉਹਦੀ ਉਨੀ ਕਦਰ ਨਹੀਂ ਪਾਈ। ਜੋ ਨਾਨਕ ਸਿੰਘ ਦਾ ਨਾਵਲ

1000 ਕਾਪੀ ਛਪਦਾ ਸੀ, ਵਿਕ ਜਾਂਦੀ ਸੀ ਤਿੰਨਾਂ ਚੌਂਹ ਸਾਲਾਂ ਵਿੱਚ, ਪੰਜਾਂ ਸਾਲਾਂ ਚ। ਲੇਕਿਨ ਪੰਜਾਬੀ ਸਮਾਜ ਵਿੱਚ ਤਾਂ ਲੱਖਾਂ ਲੋਕ ਨੇ, ਸੋ ਉਹਦੇ ਨਾਵਲ ਹਜਾਰ ਦੀ ਗਿਣਤੀ ਵਿੱਚ ਛਪਣ ਦੀ ਥਾਂ ਲੱਖ ਦੀ ਗਿਣਤੀ ਚ ਵੀ ਛਪ ਸਕਦੇ ਆ, ਲੇਕਿਨ ਪੰਜਾਬ ਚ ਇਹ ਗੱਲ ਨਹੀਂ ਹੋਈ। ਸੋ ਪੰਜਾਬੀ ਭਾਈਚਾਰੇ ਚ ਪੁਸਤਕ ਪ੍ਰੇਮ ਨਹੀਂ ਪੈਦਾ ਹੋਇਆ। ਸਾਡੇ ਲੋਕ, ਜਦੋਂ ਹੁਣ ਬਹੁਤ ਪੈਸੇ ਕਮਾ ਗਏ, ਪੰਜਾਬ ਵਿੱਚ ਵੀ ਤੇ ਵਿਦੇਸ਼ਾਂ ਵਿੱਚ ਵੀ, ਉਹਨਾਂ ਕੋਲ ਵਧੀਆ ਰਹਿਣ ਵਾਲੇ ਘਰ ਐ, ਕਾਰਾਂ ਐ, ਔਰ ਕੱਪੜੇ ਐ, ਗਹਿਣੇ ਵੀ ਆ। ਘਰਾਂ ਚ ਕਿਤਾਬ ਰੱਖਣ ਵਾਲੀ ਅਲਮਾਰੀ ਨਹੀਂ ਹੈ। ਸੋ ਇਹ ਪੰਜਾਬੀ ਲੋਕਾਂ ਦੇ ਦਿਮਾਗੀ ਤੌਰ ਤੇ ਸਭਿਆਚਾਰਕ ਤੌਰ ਤੇ ਉਹਨਾਂ ਲਈ ਉਲਾਹਮੇ ਵਾਲੀ ਗੱਲ ਹੈ ਕਿ ਉਹਨਾਂ ਵਿੱਚ ਪੁਸਤਕ ਪੜਨ ਦੀ ਭੁੱਖ ਨਹੀਂ ਪੈਦਾ ਹੋਈ। ਔਰ ਮੈਂ ਸਮਝਨਾਂ ਜਿਹੜਾ ਵਿਅਕਤੀ ਪੜ ਲਿਖ ਵੀ ਗਿਆ, ਪੈਸੇ ਵੀ ਕਮਾ ਗਿਆ, ਪਰ ਪੁਸਤਕ ਨਹੀਂ ਪੜਦਾ, ਮੇਰੀ ਨਜਰ ਵਿੱਚ ਉਹ ਸਹੀ ਤੌਰ ਤੇ ਸੰਸਕ੍ਰਿਤਕ ਵਿਅਕਤੀ ਨਹੀਂ ਹੈ। He is not a cultured man. ਉਹ ਪੜਿਆ ਲਿਖਿਆ ਹੈ। He is a litrate man, educated man but not a cultured man. ਔਰ ਕਲਚਰ ਤੋਂ ਵਗੈਰ ਜਿੰਦਗੀ ਚ ਇਨਸਾਨ ਅਸਲੀ ਇਨਸਾਨ ਬਣਦਾ ਈ ਨਹੀਂ ਔਰ ਜੇ ਦੁਨੀਆਂ ਭਰ ਦੇ ਪੰਜਾਬੀ ਲੋਕਾਂ ਨੇ, ਚਾਹੇ ਉਹ ਪੱਛਮ ਚ ਰਹਿ ਰਹੇ ਆ, ਚਾਹੇ ਪੂਰਬ ਚ ਰਹਿ ਆ, ਜੇ ਉਹਨਾਂ ਨੂੰ ਪੰਜਾਬ ਬਾਰੇ ਚਿੰਤਾ ਹੈ, ਪੰਜਾਬੀ ਲੇਖਕਾਂ ਦੀ ਚਿੰਤਾ ਨਾ ਕਰਨ, ਪੰਜਾਬ ਬਾਰੇ ਚਿੰਤਾ, ਆਪਣੇ ਭਾਈਚਾਰੇ ਬਾਰੇ ਚਿੰਤਾ ਤਾਂ ਉਹਨਾਂ ਨੂੰ ਪੁਸਤਕ ਪਰੇਮ ਪੈਦਾ ਕਰਨਾ ਚਾਹੀਦਾ। ਪੁਸਤਕ ਪੜਨੀ ਚਾਹੀਦਾ ਆ, ਅਸਲੀ ਖੁਰਾਕ ਪੁਸਤਕ ਐ, ਅਸਲੀ ਟੀਚਰ ਪੁਸਤਕ ਐ, ਅਸਲ਼ੀ ਦੋਸਤ ਪੁਸਤਕ ਐ। ਸੋ ਪੁਸਤਕ ਪ੍ਰੇਮ ਪੰਜਾਬ ਦੇ ਲੋਕਾਂ ਵਿੱਚ ਹੈ ਨਹੀਂ। ਦੇਖੋ, ਅਸ ਵੇਲੇ ਪੰਜਾਬ ਜਿਹੜੀਆਂ ਵੱਡੀਆਂ, ਛੋਟੇ ਜਿਹੜੇ ਡੇਲੀ ਅਖਬਾਰ ਆ ਨਾ, ਡੇਲੀ ਅਖਬਾਰ, ਉਹਨਾਂ ਦੀਆਂ ਕਮ-ਸ-ਕਮ 10 ਲੱਖ ਕਾਪੀਆਂ ਹਰ ਰੋਜ ਵਿਕਦੀਆਂ, ਕਮ-ਸ-ਕਮ, ਆਹ ਚਾਰ ਲੱਖ ਕਾਪੀਆਂ ਤਾਂ ਅਜੀਤ ਵਾਲੇ ਵੇਚਦੇ ਆ ਹਰ ਰੋਜ, ਆਹ ਜੱਗਬਾਣੀ ਵੀ ਏਨਾ ਵਿਕਦਾ, ਅੱਠ ਲੱਖ ਤਾਂ ਇਹ ਹੋ ਗਈਆਂ, 4 ਲੱਖ, 4 ਲੱਖ- 8 ਲੱਖ ਤਾਂ ਇਹ ਹੋ ਗਈਆਂ, ਦੂਜੇ ਅਖਬਾਰ ਗਿਣ ਲਓ, ਕਮ-ਸ-ਕਮ, 10 ਲੱਖ ਕਾਪੀਆਂ ਵਿਕਦੀਆਂ ਔਰ ਹਰ ਅਖਬਾਰ ਪੰਜ ਪਾਠਕ ਪੜਦੇ ਆ, ਪੰਜ ਪਾਠਕ, ਤੁਸੀਂ ਪੰਜ ਨਾ ਗਿਣੋ, ਤਿੰਨ ਈ ਗਿਣ ਲਓ, ਇਹਦਾ ਮਤਲਬ ਤੀਹ ਲੱਖ ਪਾਠਕ ਹੈਗੇ ਆ ਨਾ, ਡੇਲੀ ਪੜਨ ਵਾਲਾ, ਅਖਬਾਰ ਪੜਨ ਵਾਲਾ, ਖਰੀਦ ਕੇ ਪੜਨ ਵਾਲਾ ਤੀਹ ਲੱਖ ਪਾਠਕ ਤੇ ਉਹਨਾਂ ਵਿੱਚ ਬਹੁਤ ਹੀ ਘੱਟ ਦੁਨੀਆਂ, ਬਹੁਤ ਈ ਘੱਟ ਗਿਣੀਏ, ਇੱਕ ਲੱਖ ਪਾਠਕ ਐਸੇ ਹੈ ਸਾਰੇ ਪੰਜਾਬ ਵਿੱਚ ਦਿੱਲੀ ਤੱਕ, ਜਿਹੜਾ ਕਿਤਾਬ ਪੜਨਾ ਚਾਹੇਗਾ। ਪਰ ਉਹ ਕਿਤਾਬ ਲੱਭਣ ਲਈ ਕਿਤਾਬ ਤੇ ਨਹੀਂ ਜਾਂਦਾ, ਖੇਚਲ ਨਹੀਂ ਕਰਦਾ। ਕੱਪੜਾ ਖ੍ਰੀਦਣ ਲਈ ਦੁਕਾਨ ਤੇ ਚਲਾ ਜਾਏਗਾ, ਗਹਿਣੇ ਖ੍ਰੀਦਣ ਲਈ ਦੁਕਾਨ ਤੇ ਚਲਾ ਜਾਏਗਾ, ਕਿਤਾਬ ਖ੍ਰੀਦਣ ਲਈ ਦੁਕਾਨ ਤੇ ਨਹੀਂ ਜਾਂਦਾ। ਪਰ ਜੇ ਬੁੱਕ ਨੁਮਾਇਸ਼ ਲਾ ਦਿਓ ਤਾਂ ਬੁੱਕ ਐਗਜੀਬੀਸ਼ਨ ਲਾ ਦਿਓ, ਬੁੱਕ ਮੇਲਾ ਦਿਓ ਔਰ ਨੈਸ਼ਨਲ ਬੁੱਕ ਟਰੱਸਟ ਵਾਲੇ ਜਲੰਧਰ ਜਾ ਲੇ ਲਾਉਂਦੇ ਆ ਮੇਲਾ, ਔਰ ਕੁਝ ਹੋਰ ਸਭਾਵਾਂ ਵੀ ਲਾਉਂਦੀਆਂ। ਜਦੋਂ ਮੇਲਾ ਲਾ ਦਿਓ, ਕਿਤਾਬਾਂ ਸਾਹਮਣੇ ਰੱਖ ਦਿਓ, ਪਾਠਕ ਖਰੀਦਦਾ, ਪਾਠਕ ਬੰਡਲ ਬਣਾ ਕੇ ਘਰਾਂ ਨੂੰ ਲੈ ਜਾਂਦੇ ਆ, ਫਿਰ ਪੜਦੇ ਵੀ ਆ। ਏਸ ਕਰਕੇ ਪੰਜਾਬ ਚ ਪਾਠਕਾਂ ਦੀ ਕਮੀ ਨਹੀਂ ਆ, ਸਾਰੀ ਦੁਨੀਆਂ ਚ ਪਾਠਕਾਂ ਦੀ ਕਮੀ ਨਹੀਂ ਐ, ਲੇਕਿਨ ਉਹਨਾਂ ਤੱਕ ਕਿਤਾਬ ਪਹੁੰਚਾਉਣ ਦਾ ਪ੍ਰਬੰਧ ਨਹੀਂ ਹੈ, ਜਿਹੜਾ ਕੰਮ ਟਰੇਡ ਦਾ ਹੈ। ਜਿਹੜੇ ਹੁਣ ਪੰਜਾਬੀ ਚ ਕਿਤਾਬਾਂ ਛਾਪਦੇ ਆ ਨਾ ਪ੍ਰਕਾਸ਼ਕ, ਉਹੀ ਬੁਕਸ ਸੈਲਰ ਆ, ਜਲੰਧਰ ਚ ਮਾਈ ਹੀਰਾ ਗੇਟ ਆ ਨਾ,

ਬਜਾਰ ਚ, ਕਿਤਾਬਾਂ ਦਾ ਭਰਿਆ ਬਾਜਾਰ ਐ, ਉਥੇ ਟੈਕਸਟ ਬੁੱਕ ਵਿਕਦੀਆਂ, ਸਾਹਿਤ ਨਹੀਂ ਵਿਕਦਾ। ਸਾਹਿਤਕ ਰੱਖਦੇ ਹੀ ਨਹੀਂ ਉਹ। ਤੇ ਜੇ ਸਾਹਿਤ ਵੇਚਣ ਵਾਲੀਆਂ ਕਿਤਾਬਾਂ ਦੀਆਂ ਦੁਕਾਨਾਂ ਵੀ ਮਾਈ ਹੀਰਾਂ ਗੇਟ ਵਿੱਚ ਹੋਣ, ਸਾਹਿਤ ਵੀ ਵਿਕੇ। ਤੋ ਸਾਹਿਤ ਡਿਸਟਰੀਬਿਊਟ ਨਹੀਂ ਹੋ ਰਿਹਾ, ਸਾਹਿਤ ਲੋਕਾਂ ਤੱਕ ਪਹੁੰਚ ਨਹੀਂ ਰਿਹਾ ਤੇ ਸਭਾਵਾਂ ਨੇ ਇਹ ਸਾਹਿਤ ਲੋਕਾਂ ਤੱਕ ਪਹੁੰਚਾਉਣ ਦਾ ਛੋਟਾ ਮੋਟਾ ਉਪਰਾਲਾ ਤਾਂ ਕੀਤਾ, ਪਰ ਪੂਰਾ ਕਾਮਯਾਬ ਨਹੀਂ ਹੋਏ। ਸੋ ਪੰਜਾਬ ਦੀਆਂ ਲੇਖਕ ਸਭਾਵਾਂ ਨੇ ਜੇ ਹੁਣ ਸਰਗਰਮ ਹੋਣਾ ਤਾਂ ਇੱਕ ਤਾਂ ਉਹ ਪੰਜਾਬੀ ਪਾਠਕਾਂ ਨੂੰ ਅਵੇਅਰ ਕਰਨ ਤੇ ਥਾਂ ਥਾਂ ਨੁਮਾਇਸ਼ਾਂ ਲਾਉਣ, ਜਿਥੇ ਵੀ ਕਾਨਫਰੰਸ ਕਰਨ, ਨਾਲ ਨਾਲ ਬੁੱਕ ਫੈਸਟੀਵਲ, ਬੁੱਕ ਐਗਜੀਬੀਸ਼ਨ, ਕਿਤਾਬਾਂ ਦੀ ਨੁਮਾਇਸ਼ ਜਰੂਰ ਲਾਉਣ, ਉਥੇ ਕਿਤਾਬਾਂ ਵਿਕਣਗੀਆਂ ਔਰ ਉਹਦਾ ਸਾਰੇ ਸਾਹਿਤ ਨੂਮ ਵੀ ਤੇ ਲੇਖਕ ਸਭਾਵਾਂ ਨੂੰ ਫਾਇਦਾ ਹੋਏਗਾ।

ਧੰਨਵਾਦ